# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈਸਿੱ) ਸੰਗਰੂਰ

**ਵੱਲ** **ਅਤਿ ਜ਼ਰੂਰੀ / ਮਿਤੀ ਬੱਧ**

ਸਮੂਹ ਸਕੂਲ ਮੁੱਖੀ
ਸਸਸਸ / ਸਹਸ / ਸਮਿਸ
ਜ਼ਿਲ੍ਹਾ ਸੰਗਰੂਰ

**ਪੱਤਰ ਨੰ :** COORD. ICT /( )2016-17/**ਸਰਵਿਸ ਰਿਕਾਰਡ/**
**ਮਿਤੀ ਸੰਗਰੂਰ : 25.01.2017**

**ਵਿਸ਼ਾ:** **eHRMS ਅਧੀਨ ਸਰਵਿਸ ਰਿਕਾਰਡ ਡਿਜਿਟਲ ਪੂਰਾ ਕਰਵਾਉਣ ਸਬੰਧੀ।**

**ਹਵਾਲਾ:** **ਮਾਨਯੋਗ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਜੀ ਦੇ ਮੀਮੋ ਨੰ: 15/34-2016 ਕੋਆਰਡੀਨੇਸ਼ਨ ਸੈੱਲ (1) ਮਿਤੀ : 24.01.2017 ਦੀ ਪਾਲਣਾ ਹਿੱਤ**

1. ਉਪਰੋਕਤ ਵਿਸ਼ੇ ਸਬੰਧੀ ਸਮੇਂ-ਸਮੇਂ ਤੇ ਇਸ ਦਫ਼ਤਰ ਵਲੋਂ ਪਹਿਲਾਂ ਵੀ ਆਪ ਨੂੰ ਆਪਣੇ ਅਧੀਨ ਕੰਮ ਕਰ ਰਹੇ ਸਮੂਹ ਕਰਮਚਾਰੀਆਂ ਦਾ ਸਰਵਿਸ ਰਿਕਾਰਡ ਸਰਕਾਰ ਦੀ ਵੈਬ ਸਾਈਟ ਉੱਪਰ ਡਿਜਿਟਲ ਕਰਵਾਉਣ ਸਬੰਧੀ ਲਿਖਿਆ ਗਿਆ ਸੀ।ਹੁਣ ਇਸ ਪੱਤਰ ਰਾਹੀ ਆਪ ਨੂੰ **ਅੰਤਿਮ ਮੌਕਾ ਦਿੰਦੇ ਹੋਏ** ਲਿਖਿਆ ਜਾਂਦਾ ਹੈ ਕਿ ਆਪਦੇ ਅਧੀਨ ਆਂਉਦੇ ਸਮੂਹ ਕਰਮਚਾਰੀਆਂ ਦਾ ਅਪਲੋਡ ਕੀਤੀਆਂ ਸਰਵਿਸ ਬੁੱਕ ਦੇ ਰਿਕਾਰਡ ਨੂੰ **ਮਿਤੀ:04.02.2017** ਤੱਕ ਆਨ ਲਾਈਨ ਕਰਕੇ ਸਬੰਧਤ ਡੀ.ਡੀ.ਓਜ਼ ਵਲੋਂ eHRMS Portal ਤੇ ਵੈਰੀਫਾਈ ਕੀਤਾ ਜਾਵੇ।ਅਧਿਕਾਰੀ/ਕਰਮਚਾਰੀ ਦੀ ਸਰਵਿਸ ਰਿਕਾਰਡ ਵਿੱਚ ਘੱਟੋ ਘੱਟ ਐਂਟਰੀ ਮਾਰਚ,2015 ਤੋਂ ਹੁਣ ਤੱਕ ਦਾ ਰਿਕਾਰਡ ਅਪਲੋਡ ਕਰਕੇ ਵੈਰੀਫਾਈ ਕੀਤਾ ਜਾਵੇ।ਜੇਕਰ ਕਿਸੇ ਅਧਿਕਾਰੀ ਜਾਂ ਕਰਮਚਾਰੀ ਦਾ ਰਿਕਾਰਡ ਸਬੰਧਤ ਡੀ.ਡੀ.ਓਜ਼ ਵਲੋਂ ਵੈਰੀਫਾਈ ਨਹੀ ਹੁੰਦਾ ਤਾਂ ਉਨ੍ਹਾਂ ਅਧਿਕਾਰੀ/ਕਰਮਚਾਰੀ ਦੀ ਤਨਖਾਹ ਮਾਰਚ,2017 ਤੋਂ ਵਿੱਤ ਵਿਭਾਗ ਪੰਜਾਬ ਵਲੋ ਰੋਕ ਲਈ ਜਾਵੇਗੀ।

2. ਮਿਤੀ 04.02.2017 ਤੱਕ ਇਸ ਕੰਮ ਨੂੰ ਪੂਰਾ ਕਰਕੇ, ਇਸ ਸਬੰਧੀ ਸਰਟੀਫਿਕੇਟ ਇਸ ਦਫਤਰ ਦੀ ਵੈਬਸਾਈਟ www.deosesangrur.com ਤੇ ਮਿਤੀ 05-02-2017 ਨੂੰ ਸ਼ਾਮ 05:00 ਵਜੇ ਤੱਕ ਹਰ ਹਾਲਤ ਵਿੱਚ ਅਪਲੋਡ ਕਰਨਾ ਯਕੀਨੀ ਬਣਾਇਆ ਜਾਵੇ ।ਇਸ ਕੰਮ ਨੂੰ ਪਰਮ ਅਗੇਤ ਦਿੰਦੇ ਹੋਏ ਕਿਸੇ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ । ਰਿਕਾਰਡ ਅਪਲੋਡ/ਵੈਰੀਫਾਈ ਨਾ ਕਰਨ ਜਾਂ ਅਧੂਰਾ ਕਰਨ ਦੀ ਸੂਰਤ ਵਿੱਚ ਸਬੰਧਤ ਸਕੂਲ ਮੁੱਖੀ ਅਤੇ ਕਰਮਚਾਰੀ ਦਾ ਨਾਮ ਬਣਦੀ ਵਿਭਾਗੀ ਕਾਰਵਾਈ ਹਿੱਤ ਮਾਨਯੋਗ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ ਸਕੂਲ ਸਿੱਖਿਆ ਵਿਭਾਗ ਪੰਜਾਬ ਜੀ ਨੂੰ ਭੇਜ ਦਿੱਤਾ ਜਾਵੇਗਾ ।

**ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)**
**ਸੰਗਰੂਰ।**

**ਪਿੱਠ ਅੰਕਣ ਨੰ ਅਤੇ ਮਿਤੀ ਉਕਤ:**

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

1. ਮਾਨਯੋਗ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ ਸਕੂਲ ਸਿੱਖਿਆ, ਪੰਜਾਬ ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਜੀਤਗੜ੍ਹ, ਪੰਜਾਬ।
3. ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ) ਪੰਜਾਬ।
4. ਡਿਪਟੀ ਮੈਨੇਜਰ, ਐਮ.ਆਈ.ਐਸ ਵਿੰਗ ਦਫਤਰ ਡੀ.ਜੀ.ਐਸ.ਈ ਅਜੀਤਗੜ੍ਹ, ਪੰਜਾਬ।

**ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)**
**ਸੰਗਰੂਰ।**